# ਪੰਜਾਬੀ ਪਾਰਕ

**ਪ੍ਰਾਜੈਕਟ ਦੀ ਅਵਧੀ: 01 ਸਾਲ**

**ਕੋਆਰਡੀਨੇਟਰ: ਮੁਖੀ**

**ਪੰਜਾਬੀ ਵਿਭਾਗ**

- **ਪੰਜਾਬੀ ਵਿਭਾਗ ਦਾ ਪ੍ਰਮੁੱਖ ਮੰਤਵ** - ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰਾਂ ਵਿਚ ਉਚੇਰੀ ਖੋਜ ਅਤੇ ਅਧਿਆਪਨ ਨੂੰ ਪ੍ਰਫੁਲਿਤ ਕਰਨਾ ਅਤੇ ਪੰਜਾਬੀ ਸੱਭਿਆਚਾਰ ਦੀ ਸਾਂਭ ਸੰਭਾਲ ਕਰਕੇ ਅਗਲੇਰੀਆਂ ਪੀੜ੍ਹੀਆਂ ਨੂੰ ਪੰਜਾਬੀਅਤ ਨਾਲ ਜੋੜਨਾ ਹੈ।
- **ਇਸੇ ਕੜੀ ਤਹਿਤ ਪੰਜਾਬੀ ਵਿਭਾਗ ਵੱਲੋਂ ਵਿਭਾਗ ਦੇ ਸਾਹਮਣੇ ਵਾਲੇ ਪਾਰਕ ਨੂੰ ਪੰਜਾਬੀ ਪਾਰਕ ਵਜੋਂ ਬਣਾਉਣ ਦੀ ਯੋਜਨਾ ਬਣਾਈ ਗਈ ਹੈ।**

**ਇਸ ਪਾਰਕ ਨੂੰ ਹੇਠ ਅਨੁਸਾਰ ਪੂਰਨ ਤੌਰ ਤੇ ਪੰਜਾਬੀ ਦਿਖ ਦਿੱਤੀ ਜਾਵੇਗੀ।**

- ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਨਾਲ ਸਬੰਧਤ ਕਲਾ ਕ੍ਰਿਤੀਆਂ ਅਤੇ ਸਮੱਗਰੀ ਸਥਾਪਿਤ ਕੀਤੀ ਜਾਵੇਗੀ।
- ਪੰਜਾਬੀ ਦੇ ਪ੍ਰਮੁੱਖ ਸਹਿਤਕਾਰਾਂ ਦੀਆਂ ਤਸਵੀਰਾਂ ਉਹਨਾਂ ਦੀਆਂ ਕੁਟੇਸ਼ਨਾਂ, ਕਾਵਿਕ ਤੁਕਾਂ ਅੰਕਿਤ ਕੀਤੀਆਂ ਜਾਣਗੀਆਂ।
- ਗੁਲਮੋਹਰ ਦੇ ਰੁੱਖ ਦੀਆਂ ਟਾਹਣੀਆਂ ਉੱਤੇ ਪੰਜਾਬੀ ਭਾਸ਼ਾ ਦੇ ਲਿਪੀ ਚਿੰਨ ਲਟਕਾਏ ਜਾਣਗੇ।
- ਪਾਰਕ ਨੂੰ ਚਾਰੇ ਪਾਸਿਓਂ ਪਹਿਲਾਂ ਇੱਕ ਫੁੱਲ ਦਾਰ ਪੱਟੀ ਬਣਾ ਕੇ ਸਜਾਇਆ ਜਾਵੇਗਾ।
- ਚਾਰੇ ਕੋਨਿਆਂ ਉੱਤੇ ਪੁਰਾਣੀ ਇੱਟ ਦੀ ਛੋਟੀ ਕੰਧ ਕੀਤੀ ਜਾਵੇਗੀ।
- ਪੰਜਾਬ ਦੇ ਇਤਿਹਾਸਿਕ ਪ੍ਰਸੰਗ ਨੂੰ ਉਭਾਰਨ ਹਿਤ ਸਿੰਧੂ ਘਾਟੀ ਦੀ ਸਭਿਅਤਾ ਦੇ ਚਿੰਨ੍ਹ ਵੀ ਅੰਕਿਤ ਕੀਤੇ ਜਾਣਗੇ ਤਾਂ ਕਿ ਵਿਦਿਆਰਥੀ ਆਪਣੀ ਵਿਰਾਸਤ ਤੋਂ ਜਾਣੂ ਹੋ ਸਕਣ।
- ਪਾਰਕ ਦੇ ਐਂਟਰੀ ਗੇਟ ਉੱਤੇ ਵੀ ਊੜਾ ਆਕਾਰ ਦਾ ਗੇਟ ਹੋਵੇਗਾ।

# ਬਜਟ

- ਪੰਜਾਬੀ ਪਾਰਕ ਦੀ ਸਥਾਪਨਾ ਤੇ ਲਗਭਗ 30 ਲੱਖ ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ।


ਪੰਜਾਬੀ ਬਾਗ਼ ਦੇ ਵਿੱਚ ਤੁਹਾਡਾ ਸਵਾਗਤ ਹੈ
Welcome to the Panjabi Garden

